ਡਾਇਰੈਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ,
( ਅਮਲਾ ਸਾਖਾ-1 )

ਸੇਵਾ ਵਿਖੇ,

ਸਮੂਹ ਅਧੀਨ ਦਫਤਰ,
ਪਸ਼ੂ ਪਾਲਣ ਵਿਭਾਗ, ਪੰਜਾਬ।

ਮੀਮੋ ਨੰਬਰ: ਈ-6/
ਚੰਡੀਗੜ੍ਹ, ਮਿਤੀ

ਵਿਸ਼ਾ:- ਗਊ ਸਾਲਾਵਾਂ ਵਿੱਚ ਜਾਨਵਰਾਂ ਦੀ ਦੇਖਰੇਖ/ਪਸ਼ੂ ਸਿਹਤ ਸੇਵਾਵਾਂ ਪ੍ਰਦਾਨ ਕਰਨ ਬਾਰੇ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਪੰਜਾਬ ਰਾਜ ਦੀਆਂ ਬਹੁਤ ਸਾਰੀਆਂ ਗਊਸਾਲਾਵਾਂ ਵਿੱਚ ਵੈਟੀ. ਅਫਸਰਾਂ/ਵੈਟੀ. ਇੰਸਪੈਕਟਰਾਂ ਦੀਆਂ ਅਸਾਮੀਆਂ ਮਨਜ਼ੂਰ ਨਹੀ ਹਨ, ਜਿਸ ਕਾਰਨ ਇਨ੍ਹਾਂ ਗਊਸਾਲਾਵਾਂ ਵਿੱਚ ਪਸ਼ੂਆਂ ਲਈ ਸਿਹਤ ਸੇਵਾਵਾਂ ਪ੍ਰਦਾਨ ਕਰਨ ਸਬੰਧੀ ਔਕੜ ਪੇਸ਼ ਆਉਂਦੀ ਹੈ । ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਜਿਲ੍ਹੇ ਵਿਚ ਜਿਥੇ ਜਿਥੇ ਗਊ-ਸਾਲਾਵਾਂ ਹਨ, ਉਥੇ ਦੇ ਨਜਦੀਕੀ ਵੈਟੀ. ਅਫਸਰ/ਵੈਟੀ ਇੰਸਪੈਕਟਰ ਦੀ ਲਿਖਤੀ ਡਿਊਟੀ ਲਗਾਈ ਜਾਵੇ ਕਿ ਉਹ ਲੋੜ ਪੈਣ ਤੇ ਗਊ ਸਾਲਾਵਾ ਵਿਚ ਪਸ਼ੂ ਸਿਹਤ ਸੰਭਾਲ ਸਬੰਧੀ ਆਪਣੀ ਡਿਊਟੀ ਤੋਂ ਇਲਾਵਾ ਬਿਨਾਂ ਕਿਸੇ ਵਾਧੂ ਮਿਹਨਤਾਨੇ ਤੋਂ ਇਲਾਜ ਕਰਨਗੇ / ਡਿਊਟੀ ਦੇਣ ਵਾਲੇ ਅਧਿਕਾਰੀ/ਕਰਮਚਾਰੀ ਆਪਣਾ ਮੋਬਾਇਲ, ਨੰਬਰ ਗਊ ਸਾਲਾ ਦੇ ਇੰਚਾਰਜ ਨੂੰ ਨੋਟ ਕਰਵਾਉਣਗੇ ਤਾਂ ਜੋ ਲੋੜ ਪੈਣ ਤੇ ਉਹ ਇਨ੍ਹਾਂ ਦੀਆਂ ਸੇਵਾਵਾਂ ਲੈ ਸਕਣ । ਇਨ੍ਹਾਂ ਹੁਕਮਾਂ ਦਾ ਇੱਕ ਉਤਾਰਾ ਸਬੰਧਤ ਗਊ ਸਾਲਾ ਦੇ ਇੰਚਾਰਜ ਨੂੰ ਵੀ ਕੀਤਾ ਜਾਵੇ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ
ਪੰਜਾਬ ਚੰਡੀਗੜ੍ਹ।

ਪਿ:ਅੰ:ਨੰ: ਈ-6/ 165-67 ਮਿਤੀ 7-1-10

ਇਸਦਾ ਇੱਕ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਘੱਲਿਆ ਜਾਂਦਾ ਹੈ:-

1) ਸ੍ਰੀ ਕੀਮਤੀ ਭਗਤ, ਪ੍ਰਧਾਨ ਗਊਵੰਸ਼ ਵਿਕਾਸ ਪ੍ਰਕੋਸ਼ਠ ਮਕਾਨ ਨੰ: 47/3 ਭਾਰਗਵ ਨਗਰ ਨਕੋਦਰ ਰੋਡ, ਜਲੰਧਰ ਸ਼ਹਿਰ ।
2) ਸੁਪ. ਅਮਲਾ ਸਾਖਾ-2 (ਸਦਰ ਦਫਤਰ)।
3) ਸੁਪ. ਵਿਕਾਸ ਸਾਖਾ (ਸਦਰ ਦਫ਼ਤਰ) ।

6/1/10

ਡਾਇਰੈਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ ਚੰਡੀਗੜ੍ਹ।

6/1

ਡਾਇਰੈਕਟੋਰੇਟ,ਪਸ਼ੂ ਪਾਲਣ ਵਿਭਾਗ,ਪੰਜਾਬ
(ਵਿਕਾਸ ਸ਼ਾਖਾ)

ਪੰਜਾਬ ਗਊ ਸੇਵਾ ਕਮਿਸ਼ਨ
ਡਾਇਰੀ ਨੰ 270
ਮਿਤੀ 16/5/16
ਪੰਜਾਬ ਸਰਕਾਰ

ਸੇਵਾ ਵਿਖੇ,

ਸਮੂਹ ਡਿਪਟੀ ਡਾਇਰੈਕਟਰ, ਪਸ਼ੂ ਪਾਲਣ,
ਜਿਲ੍ਹਾ ਪੱਧਰ, ਪੰਜਾਬ ।

ਮੀਮੋ ਨੰਬਰ 12/4/09-ਡੀ 4/ ਚੰਡੀਗੜ੍ਹ,ਮਿਤੀ

ਵਿਸਾ:- ਪੰਜਾਬ ਰਾਜ ਦੀਆਂ ਗਊਸਾਲਾਵਾਂ ਅੰਦਰ ਜਖਮੀ/ਫੱਟੜ, ਅਪ੍ਰੇਸ਼ਨ ਦੇ ਯੋਗ ਗਊਧਨ ਦਾ ਇਲਾਜ ਰਾਜ ਦੇ ਸਮੂਹ ਵੈਟਨਰੀ ਪੌਲੀਕਲੀਨਿਕ ਵਿੱਚ ਕਰਨ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਚੇਅਰਮੈਨ, ਪੰਜਾਬ ਗਊ ਸੇਵਾ ਕਮਿਸ਼ਨ ਵੱਲੋ ਇਸ ਦਫਤਰ ਦੇ ਧਿਆਨ ਵਿਚ ਲਿਆਂਦਾ ਹੈ ਕਿ ਰਾਜ ਦੀਆਂ ਸਮੂਹ ਗਊਸਾਲਾਵਾਂ ਵਿੱਚ ਵੈਟਨਰੀ ਅਫਸਰਾਂ/ਵੈਟਨਰੀ ਇੰਸਪੈਕਟਰਾਂ ਨੂੰ ਦਿੱਤੇ ਗਏ ਆਦੇਸ਼ਾਂ ਮੁਤਾਬਕ ਵੈਟਨਰੀ ਸੇਵਾਵਾਂ ਪ੍ਰਦਾਨ ਕਰਨ ਲਈ ਹੁਕਮ ਜਾਰੀ ਕੀਤੇ ਗਏ ਸਨ ।ਪਰੰਤੂ ਜਦੋਂ ਵੀ ਕਿਸੇ ਗਊਸਾਲਾ ਅੰਦਰ ਕੋਈ ਗਊਧਨ ਜਖ਼ਮੀ/ਫੱਟੜ ਹੁੰਦਾ ਹੈ ਜਾਂ ਕਿਸੇ ਤਰ੍ਹਾਂ ਦੇ ਅਪ੍ਰੇਸ਼ਨ ਦੀ ਜਰੂਰਤ ਹੁੰਦੀ ਹੈ ਤਾਂ ਰਾਜ ਦੇ ਸਮੂਹ ਵੈਟਨਰੀ ਪੌਲੀਕਲੀਨਿਕਾਂ ਵਿੱਚ ਇਲਾਜ ਨਹੀ ਕੀਤਾ ਜਾਂਦਾ ।

ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਜਿਲ੍ਹੇ ਦੀ ਵੈਟਨਰੀ ਪੌਲੀਕਲੀਨਿਕ ਵਿੱਚ ਸਬੰਧਤ ਵੈਟਨਰੀ ਅਫਸਰਾਂ/ਵੈਟਰਨਰੀ ਇੰਸਪੈਕਟਰਾਂ ਨੂੰ ਤੁਰੰਤ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਜੇਕਰ ਗਊਸਾਲਾਂਵਾ ਦਾ ਕੋਈ ਗਊਧਨ ਜਖ਼ਮੀ/ਫੱਟੜ ਹੁੰਦਾ ਹੈ ਤਾਂ ਉਸ ਗਊਧਨ ਨੂੰ ਪਹਿਲ ਦੇ ਅਧਾਰ ਤੇ ਸਿਹਤ ਸੇਵਾਵਾਂ ਪ੍ਰਦਾਨ ਕਰਨੀਆਂ ਯਕੀਨੀ ਬਣਾਉਣ ।

ਡਾਇਰੈਕਟਰ,ਪਸ਼ੂ ਪਾਲਣ,ਵਿਭਾਗ,
ਪੰਜਾਬ,ਚੰਡੀਗੜ੍ਹ ।

ਪਿੱਠ ਅੰਕਣ ਨੰ:12/04/09-ਡੀ 4/ 9000 ਚੰਡੀਗੜ੍ਹ,ਮਿਤੀ 13-5-2016

ਇਸ ਦਾ ਇੱਕ ਉਤਾਰਾ ਮੁੱਖ ਕਾਰਜਕਾਰੀ ਅਫਸਰ, ਪੰਜਾਬ ਗਊ ਸੇਵਾ ਕਮਿਸ਼ਨ ਨੂੰ ਉਹਨਾ ਦੇ ਗ.ਸ.ਪ.ਨੰ:2016/582 ਮਿਤੀ: 4.5.16 ਦੇ ਹਵਾਲੇ ਵਿੱਚ ਸੂਚਨਾ ਹਿੱਤ ਘੱਲਿਆ ਜਾਂਦਾ ਹੈ ।

ਡਾਇਰੈਕਟਰ,ਪਸ਼ੂ ਪਾਲਣ,ਵਿਭਾਗ,
ਪੰਜਾਬ,ਚੰਡੀਗੜ੍ਹ